1.

## ਪੰਜਾਬ ਸਕੂਲ ਸਿੱਖਿਆ ਬੋਰਡ

### (ਅਕਾਦਮਿਕ ਸ਼ਾਖਾ)

**ਵਿਸ਼ਾ:- ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ ਸਰਟੀਫਿਕੇਟ ਜਾਰੀ ਕਰਨ ਲਈ ਨੀਤੀ ਨਿਰਧਾਰਿਤ ਕਰਨ ਬਾਰੇ।**

1. ਬੋਰਡ ਕੈਲੰਡਰVol-II ਦੇ ਵਿਨਿਯਮਾਂ ਦੀ ਲੋਅ ਵਿੱਚ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ ਵਾਲੇ ਸਮੂਹ ਕੈਟਾਗਰੀ ਦੇ ਵਿਦਿਆਰਥੀਆਂ ਨੂੰ ਬੋਰਡ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਹੈ ਜਿਸ ਦੀ ਲੋਅ ਵਿੱਚ ਇੰਨ੍ਹਾਂ ਪ੍ਰੀਖਿਆਰਥੀਆਂ ਦੀ ਸਾਲਾਨਾ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਸਬੰਧਤ ਸਕੂਲ ਵੱਲੋਂ ਇਹਨਾਂ ਵਿਦਿਆਰਥੀਆਂ ਦੇ ਵਿਸ਼ਾ ਵਾਰ ਪ੍ਰਾਪਤ ਅੰਕਾਂ ਨੂੰ, School Login ਵਿੱਚ Online enter ਕੀਤਾ ਜਾਵੇਗਾ।

2. ਵਿੱਲਖਣ ਸਮੱਰਥਾ ਦੇ (40% ਜਾਂ 40% ਤੋਂ ਵੱਧ Disability ਵਾਲੇ) ਪ੍ਰੀਖਿਆਰਥੀ ਆਪਣੀ ਸਬੰਧਿਤ ਅਸਮੱਰਥਤਾ/ਅਯੋਗਤਾ ਕਾਰਨ ਜੇਕਰ ਯੋਗੀ ਪ੍ਰੀਖਿਆ ਨਾ ਦੇਣਾ ਚਾਹੁੰਦੇ ਹੋਣ ਤਾਂ ਅਜਿਹੇ ਪ੍ਰੀਖਿਆਰਥੀ ਨੂੰ ਪ੍ਰਯੋਗੀ ਪ੍ਰੀਖਿਆ ਤੋਂ ਛੋਟ ਹੋਵੇਗੀ। ਸਕੂਲ ਪੱਧਰ ਤੇ ਇਨ੍ਹਾਂ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੇ ਅਨੁਪਾਤਿਕ ਰੂਪ ਵਿੱਚ ਪ੍ਰਯੋਗੀ ਪ੍ਰੀਖਿਆ ਦੇ ਅੰਕ ਸਕੂਲ ਪੱਧਰ ਤੇ ਹੀ ਲਗਾ ਕੇ ਬੋਰਡ ਨੂੰ ਭੇਜੇ ਜਾਣਗੇ। ਇਸ ਸਬੰਧੀ ਰਿਕਾਰਡ ਸਕੂਲ ਪੱਧਰ ਤੇ ਮੈਨਟੈਨ ਕੀਤਾ ਜਾਵੇਗਾ। ਅਜਿਹੇ ਉਮੀਦਵਾਰ ਨੂੰ ਆਪਣੇ ਜਿਲ੍ਹੇ ਦੇ ਸਿਵਲ ਸਰਜਨ ਤੋਂ ਆਪਣੀ ਸਬੰਧਿਤ ਅਸਮੱਰਥਤਾ/ਅਯੋਗਤਾ ਸਬੰਧੀ ਪ੍ਰਮਾਣ-ਪੱਤਰ ਸਕੂਲ ਨੂੰ ਪੇਸ਼ ਕਰਨਾ ਪਵੇਗਾ।

3. ਬੋਰਡ ਵੱਲੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਵਿਲੱਖਣ ਸਮੱਰਥਾ ਦੇ ਸਮੂਹ ਕੈਟਾਗਰੀਜ਼ ਦੇ ਵਿਦਿਆਰਥੀਆਂ ਨੂੰ, SCERT ਵੱਲੋਂ ਇਨ੍ਹਾਂ ਪ੍ਰੀਖਿਆਰਥੀਆਂ ਦੀ ਸਰਟੀਫਿਕੇਸ਼ਨ ਸਬੰਧੀ ਅਪਣਾਈ ਜਾਂਦੀ ਪ੍ਰਥਾ ਨੂੰ ਜਾਰੀ ਰੱਖਦੇ ਹੋਏ, ਸਕੂਲ ਦੁਆਰਾ ਭੇਜੇ ਗਏ ਅੰਕਾਂ ਦੇ ਅਧਾਰ ਤੇ ਸਰਟੀਫਿਕੇਟ ਕਮ ਡੀਟੇਲ ਮਾਰਕਸ ਕਾਰਡ ਜਾਰੀ ਕੀਤੇ ਜਾਣਗੇ।

23/1/2020

ਡਾਇਰੈਕਟਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।